# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫਸਰ (ਐ:ਸਿ)

ਮੀਮੋ ਨੰਬਰ: 19/1-2011 ਅਮਲਾ-2 (1)
ਮਿਤੀ ਚੰਡੀਗੜ੍ਹ:17-3-2011

**ਵਿਸ਼ਾ:-** **ਬਦਲੀ ਰਾਹੀਂ ਪੰਚਾਇਤੀ ਰਾਜ ਵਿਭਾਗ ਪੰਜਾਬ ਤੋਂ ਸਕੂਲ ਸਿੱਖਿਆ ਵਿਭਾਗ ਪੰਜਾਬ ਵਿੱਚ ਈ.ਟੀ.ਟੀ. ਅਧਿਆਪਕਾਂ ਨੂੰ ਲਿਆਉਣ ਲਈ ਉਮੀਦਵਾਰਾਂ ਦੇ ਰਿਕਾਰਡ ਦੀ ਜਾਂਚ ਕਰਨ ਸਬੰਧੀ, ਕਮੇਟੀ ਦੇ ਗਠਨ ਬਾਰੇ।**

ਪੰਜਾਬ ਸਰਕਾਰ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਪੰਚਾਇਤੀ ਰਾਜ ਵਿਭਾਗ ਪੰਜਾਬ ਵਿੱਚ ਕੰਮ ਕਰਦੇ ਈ.ਟੀ.ਟੀ. ਅਧਿਆਪਕਾਂ ਨੂੰ ਸਿੱਖਿਆ ਵਿਭਾਗ ਪੰਜਾਬ ਵਿੱਚ ਖਾਲੀ ਅਸਾਮੀਆਂ ਵਿਰੁੱਧ ਲਿਆਂਦਾ ਜਾਣਾ ਹੈ। ਉਮੀਦਵਾਰਾਂ ਨੂੰ ਯੋਗ ਪਾਏ ਜਾਣ ਲਈ ਉਨ੍ਹਾਂ ਦੇ ਦਸਤਾਵੇਜ਼/ਰਿਕਾਰਡ ਦੀ ਜਾਂਚ ਕੀਤੀ ਜਾਣੀ ਹੈ। ਇਸ ਜਾਂਚ ਲਈ ਸਰਕਾਰ ਦੀ ਪ੍ਰਵਾਨਗੀ ਉਪਰੰਤ ਨਿਮਨ ਅਨੁਸਾਰ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ:-

| | | |
|---|---|---|
| 1 | ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ) | ਚੇਅਰਮੈਨ |
| 2 | ਜਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ/<br>ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ | ਮੈਂਬਰ |
| 3 | ਪ੍ਰਿੰਸੀਪਲ, ਸ.ਸ.ਸ.ਸ. (ਪੁਰਸ਼) | ਮੈਂਬਰ |
| 4 | ਪ੍ਰਿੰਸੀਪਲ, ਸ.ਸ.ਸ.ਸ. (ਇਸਤਰੀ) | ਮੈਂਬਰ |

ਇਹ ਕਮੇਟੀ ਮਿਤੀ 21-3-2011 ਤੋਂ 28-3-2011 ਤੱਕ ਆਪਣੇ ਜ਼ਿਲ੍ਹੇ ਨਾਲ ਸਬੰਧਤ ਪੰਚਾਇਤੀ ਰਾਜ ਅਧੀਨ ਚੱਲ ਰਹੇ ਸਕੂਲਾਂ ਵਿੱਚ ਕੰਮ ਕਰ ਰਹੇ ਯੋਗ ਈ.ਟੀ.ਟੀ. ਅਧਿਆਪਕਾਂ ਦੇ ਰਿਕਾਰਡ ਦੀ ਜਾਂਚ ਕਰੇਗੀ। ਇਨ੍ਹਾਂ ਉਮੀਦਵਾਰਾਂ ਦੀਆਂ ਸੂਚੀਆਂ ਡਾਇਰੈਕਟਰ ਪੰਚਾਇਤੀ ਰਾਜ ਪੰਜਾਬ ਵੱਲੋ ਸੀਨੀਆਰਤਾ ਅਨੁਸਾਰ ਉਪਲੱਬਧ ਕਰਵਾਈਆਂ ਜਾਣਗੀਆਂ। ਇਸ ਸਬੰਧੀ ਕੌਂਸਲਿੰਗ ਦੀਆਂ ਮਿਤੀਆਂ ਦੀ ਤਫਸੀਲ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਦੀ ਵੈਬਸਾਈਟ www.ssapunjab.org ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਪੰਜਾਬ ਦੀ ਵੈਬਸਾਈਟ www.dpieepunjab.org ਤੋਂ ਵੇਖੀਆਂ ਜਾਣ। ਵੈਬ ਸਾਈਟ ਤੋਂ ਉਪਲੱਬਧ ਪ੍ਰਫਾਰਮੇ ਅਨੁਸਾਰ ਉਮੀਦਵਾਰਾਂ ਵੱਲੋਂ ਪੇਸ਼ ਕੀਤਾ ਗਿਆ ਸਵੈ-ਘੋਸ਼ਣਾ ਪੱਤਰ ਹਰ ਪੱਖੋਂ ਮੁਕੰਮਲ ਕਰਵਾ ਕੇ ਲਿਆ ਜਾਵੇ।

ਕਮੇਟੀ ਯੋਗ ਉਮੀਦਵਾਰਾਂ ਦੀ ਸੂਚੀ ਨੂੰ ਹਰ ਪੱਖੋ ਮੁਕੰਮਲ ਕਰਕੇ ਜ਼ਿਲ੍ਹੇ ਨੂੰ ਅਲਾਟ ਕੀਤੀਆਂ ਗਈਆਂ ਮਿਤੀਆਂ ਦੀ ਅੰਤਿਮ ਮਿਤੀ ਤੋਂ ਦੋ ਦਿਨਾਂ ਦੇ ਅੰਦਰ-ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ) ਪੰਜਾਬ ਨੂੰ ਪੇਸ਼ ਕਰਨਗਈਆਂ।

(ਡਾ: ਸਾਧੂ ਸਿੰਘ ਰੰਧਾਵਾ)
ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰਬਰ: 19/1-2011 ਅਮਲਾ-2 (1) ਮਿਤੀ ਚੰਡੀਗੜ੍ਹ:17-3-2011

1. ਨਿੱਜੀ ਸਹਾਇਕ, ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ, ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

2 ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਈ.ਟੀ.ਟੀ. ਅਧਿਆਪਕਾਂ ਦੀ ਜਿਲ੍ਹਾਵਾਰ ਸੀਨੀਆਰਤਾ ਅਨੁਸਾਰ ਯੋਗ ਉਮੀਦਵਾਰਾਂ ਨੂੰ ਮਿਤੀ 21-28-ਮਾਰਚ-2011 ਦੌਰਾਨ ਸਬੰਧਤ ਜ਼ਿਲ੍ਹੇ ਦੀ ਕਮੇਟੀ ਅੱਗੇ ਰਿਕਾਰਡ ਦੀ ਜਾਂਚ ਕਰਵਾਉਣ ਲਈ ਸੂਚਿਤ ਕੀਤਾ ਜਾਵੇ ।

(ਡਾ: ਸਾਧੂ ਸਿੰਘ ਰੰਧਾਵਾ)
ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)
ਪੰਜਾਬ, ਚੰਡੀਗੜ੍ਹ।